# ਟੈਕਸ ਬਾਰੇ ਆਮ ਪੁੱਛੇ ਜਾਣ ਵਾਲੇ ਪ੍ਰਸ਼ਨ

## Frequently asked questions about Tax

*ਇਹ ਜਾਣਕਾਰੀ ਇੰਗਲੈਂਡ ਤੇ ਵੇਅਲਜ਼, ਸਕੌਟਲੈਂਡ ਅਤੇ ਨੌਰਦਰਨ ਆਇਰਲੈਂਡ ਨੂੰ ਲਾਗੂ ਹੁੰਦੀ ਹੈ*

**ਕੀ ਮੈਨੂੰ ਟੈਕਸ ਰਿਟਰਨ, ਲਗਾਨ ਵਾਪਸ ਭੇਜਣਾ ਜ਼ਰੂਰੀ ਹੈ ? ਮੈਂ ਇਹ ਕਿਸ ਤਰ੍ਹਾਂ ਕਰ ਸਕਦੀ/ ਸਕਦਾ ਹਾਂ ?** 2

**ਮੈਂ ਹੁਣ 65 ਸਾਲਾਂ ਤੋਂ ਉੱਪਰ ਹਾਂ, ਕੀ ਮੈਨੂੰ ਅਜੇ ਵੀ ਟੈਕਸ ਦੇਣਾ ਪਵੇਗਾ ?** 3

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੈਨੂੰ ਟੈਕਸ ਰਿਟਰਨ, ਲਗਾਨ ਵਾਪਸ ਭੇਜਣਾ ਜ਼ਰੂਰੀ ਹੈ ? ਮੈਂ ਇਹ ਕਿਸ ਤਰ੍ਹਾਂ ਕਰ ਸਕਦੀ/ਸਕਦਾ ਹਾਂ ?

ਜੇ ਤੁਸੀਂ ਇੱਕ ਐਂਪਲੌਇਅਰ ਲਈ ਕੰਮ ਕਰਦੇ ਹੋ ਜੋ ਕਿ PAYE, ਪੇ ਐਜ਼ ਯੂ ਅਰਨ ਟੈਕਸ ਅਤੇ ਨੈਸ਼ਨਲ ਇੰਨਸ਼ੋਰੈਂਸ ਆਮ ਤੁਹਾਡੀ ਤਨਖਾਹ ਵਿੱਚੋਂ ਕੱਟਦੇ ਹਨ, ਅਤੇ ਤੁਹਾਡੀ ਹੋਰ ਕੋਈ ਆਮਦਨ ਨਹੀਂ ਹੈ, ਤਾਂ ਤੁਹਾਨੂੰ ਆਮ ਕਰਕੇ ਕੋਈ ਟੈਕਸ ਰਿਟਰਨ ਫਾਰਮ ਭਰਨ ਦੀ ਜ਼ਰੂਰਤ ਨਹੀਂ ਹੈ।

ਤੁਹਾਨੂੰ ਸੈਲਫ—ਅਸੈਸਮੈਂਟ ਫਾਰਮ ਭਰਨ ਦੀ ਜ਼ਰੂਰਤ ਹੋਵੇਗੀ ਜੇ ਤੁਸੀਂ ਆਪਣੇ ਖ਼ੁੱਦ ਲਈ ਕੰਮ ਕਰਦੇ ਹੋ, ਕੰਪਨੀ ਡਾਇਰੈਕਟਰ ਹੋ ਜਾਂ ਕੋਈ ਕਾਰੋਬਾਰ ਵਿੱਚ ਭਾਈਵਾਲ ਹੋ।
ਜੇ ਤੁਸੀਂ ਕੋਈ ਪਰਸਨਲ ਰਿਪਰੀਜ਼ੈਂਟੇਟਿਵ ਹੋ ਜਾਂ ਟਰਸਟੀ ਹੋ ਤਾਂ ਤੁਹਾਨੂੰ ਉਸ ਵਿਅਕਤੀ ਜਾਂ ਟਰੱਸਟ ਲਈ ਟੈਕਸ ਰਿਟਰਨ ਫਾਰਮ ਭਰਨਾ ਜ਼ਰੂਰੀ ਹੋਵੇਗਾ ।

ਕਾਨੂੰਨ ਦੇ ਮੁਤਾਬਕ ਹਰੇਕ ਬੰਦੇ ਨੂੰ ਆਪਣੀ ਆਮਦਨ, ਵਾਧੇ ਦਾ ਤੇ ਖਰਚੇ ਦਾ ਰਿਕੌਰਡ ਰੱਖਣੇ ਦੀ ਜ਼ਰੂਰਤ ਹੈ ਤਾਂ ਕਿ ਉਹ ਟੈਕਸ ਰਿਟਰਨ ਫਾਰਮ ਪੂਰਾ ਕਰਕੇ ਭੇਜ ਸਕਣ, ਜੇ ਉਨ੍ਹਾਂ ਨੂੰ ਇਹ ਭੇਜਿਆ ਹਵੇ। ਜੇ ਇੰਨਲੈਂਡ ਰੈਵੇਨਿਊ ਨੂੰ ਸ਼ੱਕ ਹੋਵੇ ਕਿ ਤੁਹਾਡੀ ਆਮਦਨ, ਜੋ ਸੈਲਫ—ਅਸੈਸਮੈਂਟ ਦੇ ਅਧੀਨ ਟੈਕਸ ਹੋਣੀ ਚਾਹੀਦੀ ਹੈ, ਤਾਂ ਉਹ ਤੁਹਾਨੂੰ ਟੈਕਸ ਰਿਟਰਨ ਫਾਰਮ ਭਰਨ ਲਈ ਭੇਜਣਗੇ। ਫਿਰ ਵੀ, ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਜੇ ਤੁਹਾਡੀ ਆਮਦਨ ਹੈ ਜੋ ਕਿ ਸੈਲਫ—ਅਸੈਸਮੈਂਟ ਦੇ ਅਧੀਨ ਟੈਕਸ ਹੋਣੀ ਚਾਹੀਦੀ ਹੈ ਤੁਸੀਂ ਆਪ ਟੈਕਸ ਰਿਟਰਨ ਫਾਰਮ ਨੂੰ ਮੰਗਵਾਉਣ ਲਈ ਭੇਜੋ। ਸੈਲਫ—ਅਸੈਸਮੈਂਟ ਫਾਰਮ ਵਿੱਚ ਇੱਕ ਹਿਸਾ ਹੈ ਜੋ ਕਿ ਹਰੇਕ ਲਈ ਹੈ ਅਤੇ ਹੋਰ ਸਫੇ ਹਨ ਜੋ ਕਿ ਇਸ ਲਈ ਕਿ ਤੁਹਾਡੀ ਆਮਦਨ ਕਿਸ ਤਰ੍ਹਾਂ ਦੀ ਹੈ। ਤੁਹਾਨੂੰ ਟੈਕਸ ਰਿਟਰਨ ਫਾਰਮ ਭਰਨ ਵਿੱਚ ਮੱਦਦ ਕਰਨ ਲਈ ਇੱਕ ਗਾਈਡ ਵੀ ਹੈ।

ਤੁਸੀਂ, ਜਾਂ ਤੁਹਾਡਾ ਅਕਾਊਟੈਂਟ ਜਾਂ ਟੈਕਸ ਐਡਵਾਇਜ਼ਰ ਇਹ ਫਾਰਮ ਭਰ ਸਕਦਾ ਹੈ, ਪਰ ਇਹ ਤੁਹਾਨੂੰ ਆਪ ਨੂੰ ਦੇਖਣਾ ਜ਼ਰੂਰੀ ਹੈ ਕਿ ਉਸ ਉੱਪਰ ਜੋ ਵੀ ਭਰਿਆ ਹੈ ਬਿਲਕੁਲ ਠੀਕ ਹੈ। ਇਹ ਫਾਰਮ ਟੈਕਸ ਦਫਤਰ ਨੂੰ ਡਾਕ ਰਾਹੀਂ ਜਾਂ ਫਿਰ ਕੰਮਪਿਊਟਰ ਰਾਹੀਂ, ਇਲੈਕਟਰੌਨਿਕਲੀ ਭੇਜ ਸਕਦੇ ਹੋ।

ਜੇ ਤੁਸੀਂ ਆਪਣਾ ਟੈਕਸ ਰਿਟਰਨ ਕੰਮਪਿਊਟਰ ਰਾਹੀਂ ਔਨਲਾਈਨ ਭਰਦੇ ਹੋ ਤਾਂ ਫਿਰ ਤੁਹਾਨੂੰ ਪਿਛਲੇ ਸਾਲ ਦੇ ਟੈਕਸ ਯੀਅਰ ਲਈ, ਇਸ ਸਾਲ ਦੀ 31 ਜਨਵਰੀ ਤੋਂ ਪਹਿਲਾਂ ਪਹਿਲਾਂ ਆਪਣਾ ਟੈਕਸ ਰਿਟਰਨ ਭਰਨਾ ਪਵੇਗਾ। HMRC ਵਾਲੇ ਆਪਣੇ ਆਪ ਹੀ ਹਿਸਾਬ

Copyright © 2002-2007 Citizens Advice All rights reserved
Registered charity no: 279057 Company no: 1436945 England

ਲਗਾਉਂਣਗੇ ਕਿ ਤੁਸੀਂ ਉਹਨਾਂ ਨੂੰ ਕਿੰਨਾ ਟੈਕਸ ਦੇਣਾ ਹੈ ਜਾਂ ਉਹਨਾਂ ਨੇ ਤੁਹਾਨੂੰ ਕਿੰਨਾ ਵਾਪਸ ਕਰਨਾ ਹੈ।
ਜੇ ਤੁਸੀਂ ਆਪਣਾ ਟੈਕਸ ਰਿਟਰਨ ਕਾਗਜ਼ ਉੱਤੇ (ਲਿਖਤੀ ਰੂਪ ਵਿਚ) ਭਰਦੇ ਹੋ ਤਾਂ ਲਾਜ਼ਮੀ ਹੀ HMRC ਵਾਲਿਆਂ ਨੂੰ ਇਹ ਟੈਕਸ ਰਿਟਰਨ ਤੁਹਾਨੂੰ ਪਿੱਛਲੇ ਸਾਲ ਦੇ ਟੈਕਸ ਯੀਅਰ ਲਈ, ਇਸ ਸਾਲ ਦੀ 31 ਅਕਤੂਬਰ ਤੋਂ ਪਹਿਲਾਂ ਪਹਿਲਾਂ ਭੇਜਣਾ ਹੋਵੇਗਾ। ਤੁਸੀਂ ਚੁੱਣ ਸਕਦੇ ਹੋ ਕਿ ਕੀ ਤੁਸੀਂ HMRC ਵਾਲਿਆਂ ਨੂੰ ਚਾਹੁੰਦੇ ਹੋ ਕਿ ਉਹ ਤੁਹਾਡੇ ਟੈਕਸ ਦਾ ਹਿਸਾਬ ਲਗਾਉਂਣ ਜਾਂ ਕਿ ਤੁਸੀਂ ਆਪ ਹੀ ਹਿਸਾਬ ਲਗਾਉਂਣਾ ਪਸਦ ਕਰਦੇ ਹੋ।
ਜੇ ਤੁਸੀਂ ਇਹਨਾਂ ਡੈੱਡਲਾਈਨਜ਼ (ਮਿੱਥੀ ਹੋਈ ਤਾਰੀਕ) ਨੂੰ ਪੂਰਾ ਨਾ ਕਰ ਸਕੇ ਤਾਂ ਤੁਹਾਡੇ ਉੱਤੇ ਜੁਰਮਾਨਾ ਲਗਾਇਆ ਜਾਵੇਗਾ।

## ਮੈਂ ਹੁਣ 65 ਸਾਲਾਂ ਤੋਂ ਉੱਪਰ ਹਾਂ, ਕੀ ਮੈਂਨੂੰ ਅਜੇ ਵੀ ਟੈਕਸ ਦੇਣਾ ਪਵੇਗਾ ?

ਜਦੋਂ ਤੁਸੀਂ 65 ਸਾਲ ਤੋਂ ਉੱਪਰ ਹੋ ਜਾਂਦੇ ਹੋ ਤਾਂ ਤੁਹਾਨੂੰ ਤੁਹਾਡੀ ਆਮਦਨ ਉੱਤੇ ਅਜੇ ਵੀ ਟੈਕਸ ਦੇਣਾ ਪੈਂਦਾ ਹੈ, ਪਰ ਤੁਹਾਡਾ ਟੈਕਸ ਫਰੀਅ ਅਲਾਉਂਸ ਤੁਹਾਡੇ 65 ਸਾਲ ਦੀ ਉਮਰ ਹੋਣੇ ਤੋਂ ਪਹਿਲਾਂ ਨਾਲੋਂ ਵਧੇਰੇ ਹੋਵੇਗਾ।

ਤੁਹਾਡੀ ਆਮਦਨ ਜਿਸ ਤੇ ਤੁਹਾਨੂੰ ਟੈਕਸ ਲੱਗੇਗਾ ਉਹ ਹੈ ਤੁਹਾਡੀ ਕੰਮ ਦੀ ਪੈਨਸ਼ਨ ਜਾਂ ਤੁਹਾਡੀ ਪਰਸਨਲ (ਜ਼ਾਤੀ) ਪੈਨਸ਼ਨ ਜੇ ਤੁਹਾਡੇ ਕੋਲ ਕੋਈ ਹੈ। ਸੋਸ਼ਿਅਲ ਸਿਕਿਊਰਿਟੀ ਦੇ ਕਈ ਬੈਨਿਫ਼ਿਟ ਉੱਤੇ ਵੀ ਟੈਕਸ ਲਾਗੂ ਹੁੰਦਾ ਹੈ, ਜਿਵੇਂ ਕਿ ਤੁਹਾਡੀ ਰਿਟਾਇਅਰਮੈਂਟ ਪੈਨਸ਼ਨ। ਤੁਹਾਨੂੰ ਸ਼ਾਇਦ ਤੁਹਾਡੀ ਜਾਇਦਾਦ ਤੋਂ ਮਿਲਣੇ ਵਾਲੇ ਕਿਰਾਏ ਜਾਂ ਕਿਸੇ ਤਰ੍ਹਾਂ ਦੇ ਤਨਖਾਹੀ ਕੰਮ ਤੋਂ ਜਮ੍ਹਾਂ ਕੀਤੀ ਪੂੰਜੀ ਜਾਂ ਸ਼ੇਅਰਜ਼ ਤਂ ਮਿਲਣੇ ਵਾਲੇ ਬਿਆਜ ਦੇ ਤੌਰ ਤੇ ਆਮਦਨੀ ਹੁੰਦੀ ਹੋਵੇ।

ਜੇ ਤੁਹਾਡੀ ਆਮਦਨੀ ਜਿਸ ਤੇ ਤੁਹਾਨੂੰ ਟੈਕਸ ਲੱਗੇਗਾ ਉਹ ਸਿਰਫ ਬੇਸਿਕ ਰੇਟ ਸਟੇਟ ਰਿਟਾਇਅਰਮੈਂਟ ਪੈਨਸ਼ਨ ਹੈ (ਬਿਨਾਂ ਗਰੈਜੂਏਟਿਡ ਜਾਂ ਵਧੇਰੀ ਪੈਨਸ਼ਨ ਦੇ) ਤਾਂ ਤੁਸੀਂ ਕੋਈ ਟੈਕਸ ਨਹੀਂ ਦੇਵੋਗੇ। ਇਹ ਇਸ ਲਈ ਹੈ ਕਿ ਤੁਹਾਡਾ ਟੈਕਸ ਫਰੀਅ ਅਲਾਉਂਸ ਤੁਹਾਡੀ ਬੇਸਿਕ ਪੈਨਸ਼ਨ ਨਾਲੋਂ ਵੱਧ ਹੋਵੇਗਾ।

ਜੇ ਤੁਸੀਂ ਫੁੱਲ—ਟਾਈਮ ਜਾਂ ਪਾਰਟ—ਟਾਈਮ ਕੰਮ ਕਰਦੇ ਹੋ, ਤੁਹਾਡੀ ਆਮਦਨ PAYE, ਪੇ ਐਜ਼ ਯੂ ਅਰਨ ਟੈਕਸ ਸਿਸਟਮ ਦ ਮੁਤਾਬਿਕ ਟੈਕਸ ਹੋਵੇਗੀ। ਤੁਹਾਡੇ ਹੋਰ ਕਿਸੇ ਟੈਕਸ ਲੱਗਣੇ ਵਾਲੀ ਆਮਦਨੀ ਤੋਂ ਆਉਂਣੇ ਵਾਲਾ ਜਿਹੜਾ ਟੈਕਸ ਰਹਿੰਦਾ ਹੋਵੇਗਾ, ਜਿਵੇਂ ਕਿ ਸਟੇਟ

Copyright © 2002-2007 Citizens Advice All rights reserved
Registered charity no: 279057 Company no: 1436945 England

ਰਿਟਾਇਅਰਮੈਂਟ ਪੈਨਸ਼ਨ ਤਾਂ ਉਸ ਲਈ ਕਟੌਤੀ PAYE, ਪੇ ਐਜ਼ ਯੂ ਅਰਨ ਦੇ ਸਿਸਟਮ ਦੇ ਮੁਤਾਬਕ ਤੁਹਾਡੀ ਆਮਦਨੀ ਵਿਚੋਂ ਕੀਤੀ ਜਾਵੇਗੀ।

ਹੋ ਸਕਦਾ ਹੈ ਕਿ ਤੁਹਾਨੂੰ ਇੱਕ ਸੈਲਫ—ਅਸੈਸਮੈਂਟ ਟੈਕਸ ਰਿਟਰਨ ਫਾਰਮ ਭੇਜਿਆ ਜਾਵੇ। ਜੇ ਤੁਹਾਨੂੰ ਇਹ ਨਹੀਂ ਭੇਜਿਆ ਗਿਆ ਅਤੇ ਤੁਹਾਡੀ ਆਮਦਨੀ ਸੈਲਫ-ਅਸੈਸਮੈਂਟ ਦੇ ਅਧੀਨ ਟੈਕਸ ਹੋਣੀ ਚਾਹੀਦੀ ਹੈ ਤਾਂ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਆਪ ਐਚ ਐਮ ਰੈਵਿਨਿਯੂ ਨੂੰ ਕਹੋ ਕਿ ਉਹ ਤੁਹਾਨੂੰ ਟੈਕਸ ਰਿਟਰਨ ਫਾਰਮ ਭੇਜਣ।

ਜੇ ਤੁਹਾਡੇ ਕੋਲ ਕੋਈ ਬੱਚਤ ਹੈ ਤਾਂ ਆਮ ਤੌਰ ਤੇ ਤੁਹਾਨੂੰ ਬਿਆਜ ਮਿਲਣੇ ਤੋਂ ਪਹਿਲਾਂ ਉਸ ਵਿਚੋਂ ਟੈਕਸ ਕੱਟਿਆ ਜਾਵੇਗਾ। ਜੇ ਤੁਹਾਡੀ ਆਮਦਨ ਥੋੜੀ ਹੈ ਤਾਂ ਤੁਸੀਂ ਇਹ ਟੈਕਸ ਜੋ ਤੁਹਾਡੇ ਬੱਚਤ ਦੇ ਬਿਆਜ ਵਿਚੋਂ ਕੱਟਿਆ ਗਿਆ ਹੈ, ਵਾਪਸ ਮੰਗ ਸਕਦੇ ਹੋ। ਤੁਹਾਡੀ ਬੱਚਤ ਵਿਚੋਂ ਜਿਹੜੇ ਜ਼ਿਆਦਾ ਪੈਸੇ ਕੱਟ ਗਏ ਹਨ, ਉਹ ਵਾਪਸ ਲੈਣ ਬਾਰੇ ਵਧੇਰੇ ਜਾਣਕਾਰੀ ਲਈ ਐਚ ਐਮ ਆਰ ਸੀ (HMRC) ਦੇ ਇਸ ਵੈਬਸਾਈਟ ਤੇ ਦੇਖੋ: www.hmrc.gov.uk.
[www.hmrc.gov.uk/incometax/tax-free-interest.htm]

ਜੇ ਤੁਸੀਂ ਉੱਚੇ ਦਰਜੇ ਦੇ ਟੈਕਸ ਦੇਣ ਵਾਲੇ ਹੋ ਤਾਂ ਤੁਹਾਨੂੰ ਤੁਹਾਡੀ ਬੱਚਤ ਜਾਂ ਜਾਇਦਾਦ ਤੋਂ ਮਿਲਣੇ ਵਾਲੀ ਆਮਦਨੀ ਲਈ ਵਾਧੂ ਟੈਕਸ ਦੇਣਾ ਪਵੇਗਾ। ਇਹ ਤੁਹਾਨੂੰ ਆਪਣੇ ਟੈਕਸ ਰਿਟਰਨ ਫ਼ਾਰਮ ਉੱਤੇ ਲਿਖਣਾ ਜਾਂ ਦੱਸਣਾ ਕਰਨਾ ਪਵੇਗਾ।

ਜਦੋਂ ਤੁਸੀਂ ਰਿਟਾਇਅਰ ਹੁੰਦੇ ਹੋ ਤਾਂ ਜੇ ਤੁਹਾਡੀ ਆਮਦਨੀ ਘੱਟ ਹੋ ਜਾਂਦੀ ਹੈ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਟੈਸਕ ਵਾਪਸ ਦਿੱਤਾ ਜਾਵੇ।

ਟੈਕਸ ਅਤੇ ਪੈਨਸ਼ਨਜ਼ ਬਾਰ ਇਸ ਵੈਬਸਾਈਟ ਤੋਂ ਵਧੇਰੇ ਜਾਣਕਾਰੀ ਤੁਹਾਨੂੰ ਐਚ ਐਮ ਆਰ ਸੀ (HMRC) ਦੇ ਇਸ ਵੈਬਸਾਈਟ ਤੋਂ ਮਿਲ ਸਕਦੀ ਹੈ: www.hmrc.gov.uk
[http://www.hmrc.gov.uk/pensioners/pension.htm ]

Copyright © 2002-2007 Citizens Advice All rights reserved
Registered charity no: 279057 Company no: 1436945 England